## ABC ID ਬਣਾਉਣ ਅਤੇ ਇਸ ਨੂੰ ਪ੍ਰੀਖਿਆ ਫਾਰਮ ਨਾਲ ਜੋੜਨ ਲਈ ਵਿਦਿਆਰਥੀਆਂ ਲਈ ਹਦਾਇਤਾਂ

1. ਡਿਜੀਲੋਕਰ ਦੀ ਵੈੱਬਸਾਈਟ ਨੂੰ ਖੋਲ੍ਹਣ ਲਈ ਹੇਠ ਦਰਸਾਏ ਵੈੱਬਲਿੰਕ ਨੂੰ ਕਲਿੱਕ ਕਰੋ -

https://www.digilocker.gov.in/

2. ਇਸ ਵੈੱਬ ਪੇਜ ਤੇ ਦੋ ਬਟਨ ਦਿੱਤੇ ਹਨ - Sign In and Sign Up

**2.1 Sign in -** ਇਸ ਬਟਨ ਨੂੰ ਉਹ ਵਿਦਿਆਰਥੀ ਦਬਾਉਣ ਜਿਨ੍ਹਾਂ ਨੇ ਪਹਿਲਾਂ ਤੋਂ ਇਸ ਵੈੱਬਸਾਈਟ ਤੇ ਆਪਣੇ ਆਪ ਨੂੰ ਰਜਿਸਟਰ ਕੀਤਾ ਹੋਇਆ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਪਹਿਲਾਂ ਤੋਂ ਹੀ ਆਪਣੇ ਆਪ ਨੂੰ ਰਜਿਸਟਰ ਕੀਤਾ ਹੋਇਆ ਹੈ ਉਹ ਹੇਠਾਂ ਪੁਆਇੰਟ ਨੰਬਰ 3 ਤੋਂ ਪੜ੍ਹਨਾ ਸ਼ੁਰੂ ਕਰਨ ਅਤੇ ਉਸਨੂੰ ਅਮਲ ਕਰਦੇ ਹੋਏ ABC ID ਬਣਾਉਣ।

**2.2. Sign up -** ਇਸ ਬਟਨ ਨੂੰ ਉਹ ਵਿਦਿਆਰਥੀ ਦਬਾਉਣ ਜਿਨ੍ਹਾਂ ਨੇ ਪਹਿਲੀ ਵਾਰ ਇਸ ਵੈੱਬਸਾਈਟ ਤੇ ਰਜਿਸਟਰ ਕਰਨਾ ਹੈ। ਤੁਹਾਡੇ ਸਾਹਮਣੇ ਤੁਹਾਡੇ ਬਾਰੇ ਜਾਣਕਾਰੀ ਪੁੱਛਣ ਲਈ ਫਾਰਮ ਖੁੱਲ੍ਹੇਗਾ। ਪੁੱਛੀ ਗਈ ਸਾਰੀ ਲੋੜੀਂਦੀ ਜਾਣਕਾਰੀ ਭਰੋ ਜਿਵੇਂ ਕਿ ਮੋਬਾਈਲ ਨੰਬਰ, ਨਾਮ, ਜਨਮ ਮਿਤੀ, ਲਿੰਗ, ਵਿਦਿਆਰਥੀ ਦਾ ਨਾਮ ਅਤੇ ਸੁਰੱਖਿਆ ਲਈ ਛੇ-ਅੰਕ ਦਾ ਪਾਸਵਰਡ/ਲੌਗਇਨ ਪਿੰਨ ਸੈੱਟ ਕਰੋ। ਤੁਹਾਡੇ ਵੱਲੋਂ ਭਰੇ ਗਏ ਮੋਬਾਈਲ ਨੰਬਰ ਮਤਲਬ ਤੁਹਾਡੇ ਵੱਲੋਂ ਜਿਹੜਾ ਮੋਬਾਈਲ ਨੰਬਰ ਰਜਿਸਟਰ ਕੀਤਾ ਗਿਆ ਹੈ, 'ਤੇ ਭੇਜਿਆ ਗਿਆ OTP ਦਾਖਲ ਕਰੋ। **ਇਸ ਗੱਲ ਦਾ ਧਿਆਨ ਦਿਓ ਕਿ ਜੇਕਰ ਤੁਸੀਂ ਕਿਸੇ ਸਾਈਬਰ ਕੈਫ਼ੇ ਤੋਂ ਆਪਣਾ ਫਾਰਮ ਭਰਵਾ ਰਹੇ ਹੋ,ਸਿਰਫ਼ ਆਪਣਾ ਮੋਬਾਇਲ ਨੰਬਰ ਹੀ ਭਰੋ ਨਾ ਕਿ ਸਾਈਬਰ ਕੈਫ਼ੇ ਵਾਲੇ ਦਾ।** ਉਸ ਤੋ ਬਾਅਦ ਤੁਹਾਡੇ ਤੋਂ ਸਹਿਮਤੀ ਮੰਗੀ ਜਾਏਗੀ, **"I consent"** 'ਤੇ ਕਲਿੱਕ ਕਰੋ ਅਤੇ **"Verify"** ਬਟਨ 'ਤੇ ਕਲਿੱਕ ਕਰੋ । ਤੁਹਾਡੇ ਨਾਮ ਤੇ ਨਵਾਂ ਖਾਤਾ ਬਣ ਜਾਵੇਗਾ।

3. ਜੇਕਰ ਤੁਸੀਂ ਡੀਜੀ ਲੋਕਰ ਵੈੱਬਸਾਈਟ ਤੇ ਪਹਿਲਾਂ ਤੋਂ ਹੀ ਰਜਿਸਟਰਡ ਹੋ ਤਾਂ https://www.abc.gov.in/ ਵੈੱਬਸਾਈਟ ਨੂੰ ਖੋਲ੍ਹੋ। ਇਸ ਵੈੱਬਸਾਈਟ ਤੇ ਉੱਪਰ ਸੱਜੇ ਪਾਸੇ **My Account** ਦਾ ਟੈਬ ਆ ਰਿਹਾ ਹੈ, ਉਸਨੂੰ ਕਲਿੱਕ ਕਰੋ। ਕਲਿੱਕ ਕਰਨ ਤੇ ਦੋ ਆਪਸ਼ਨਾਂ ਦਿਖਾਵੇਗਾ - Student ਅਤੇ University, ਤੁਸੀਂ **Student** ਨੂੰ ਚੁਣ ਕੇ ਕਲਿੱਕ ਕਰੋ। ਤੁਹਾਡੇ ਤੋਂ ਲੋਗਿਨ ਕਰਨ ਲਈ ਜਾਣਕਾਰੀ ਮੰਗੇਗਾ। ਡੀਜੀ ਲੋਕਰ ਵੈੱਬਸਾਈਟ ਤੇ ਜਦੋਂ ਤੁਸੀਂ ਰਜਿਸਟਰ ਕੀਤਾ ਸੀ, ਉਹੀ ਜਾਣਕਾਰੀ ਨਾਲ ਤੁਸੀਂ ਇਸਤੇ ਲੋਗਿਨ ਕਰਨਾ ਹੈ।ਜੇ ਲੋਗਿਨ ਕਰਨ ਵਿਚ ਤੁਸੀਂ ਸਫ਼ਲ ਹੋ ਜਾਣੇ ਹੋ ਤਾਂ, ਤੁਹਾਨੂੰ ਹੇਠ ਤਰ੍ਹਾਂ ਦੀ ਸਕਰੀਨ ਦਿਖਾਈ ਦੇਵੇਗੀ। ਇਸ ਪੇਜ ਦੇ ਅਖੀਰ ਤੇ "Allow" ਤੇ ਕਲਿੱਕ ਕਰੋ।

Scanned with CamScan

- Identity Value ਵਿਚ **ਯੂਨੀਵਰਸਿਟੀ ਵੱਲੋਂ ਜਾਰੀ ਕੀਤਾ Registration Number ਭਰਨਾ** ਹੈ। ਧਿਆਨ ਰਹੇ ਇਹ ਰੋਲ ਨੰਬਰ ਨਹੀਂ ਹੈ।ਹਮੇਸ਼ਾ ਪੰਜਾਬੀ ਯੂਨੀਵਰਸਿਟੀ ਲਈ ਸਾਰੀ ਉਮਰ Registration Number ਇਕ ਹੀ ਰਹਿੰਦਾ ਹੈ। ਰਜਿਸਟ੍ਰੇਸ਼ਨ ਨੰਬਰ ਜਿਸ ਬਣਤਰ ਦਾ ਵੀ ਹੈ, ਉਸ ਨੂੰ ਬਿਨਾਂ ਬਦਲੇ ਉਸ ਤਰ੍ਹਾਂ ਹੀ ਭਰਨਾ ਹੈ।

5. ਇਹ ਕਰਨ ਤੋਂ ਬਾਅਦ ਤੁਹਾਨੂੰ ABC ID allot ਹੋ ਜਾਵੇਗਾ ਜੋ ਸਕਰੀਨ ਤੇ ਹੇਠ ਦਿਖਾਏ screenshot ਵਾਂਗ ਦਿਖੇਗਾ। ਇਸ ABC ID ਨੂੰ ਨੋਟ ਕਰ ਲਵੋ।




6. ABC ID ਮਿਲਣ ਤੋਂ ਬਾਅਦ, ਵਿਦਿਆਰਥੀ
https://pupexamination.ac.in/Login.aspx?Type=Student
ਵੈੱਬਸਾਈਟ ਖੋਲ੍ਹ ਕੇ ਆਪਣੇ Application ID ਅਤੇ password ਨਾਲ ਲੌਗ ਇਨ ਕਰਨ। ਲੋਗਿਨ ਕਰਨ ਤੋਂ ਬਾਅਦ ਆਪਣੇ ਪ੍ਰੋਫਾਈਲ ਵਿਚ ABC ID ਨੂੰ ਆਪਣੇ ਪ੍ਰੋਫਾਈਲ ਵਿਚ ਅੰਕਿਤ ਕਰੋ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜੇ ਕਰ ਤੁਸੀਂ ਆਪਣਾ ABC ID ਗ਼ਲਤ ਭਰਦੇ ਹੋ ਤਾਂ, ਇਸ ਨੂੰ ਠੀਕ ਕਰਵਾਉਣ ਲਈ ਬਣਦਾ ਫਾਈਨ ਅਦਾ ਕਰਨਾ ਪਵੇਗਾ ਅਤੇ ਫਾਈਨ ਮਾਫ਼ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ABC ID ਨੂੰ ਨਾ ਭਰਨ ਜਾਂ ਗ਼ਲਤ ਭਰਨ ਦੀ ਸੂਰਤ ਵਿਚ ਤੁਹਾਨੂੰ ਦਸੰਬਰ 2023 ਦੇ ਇਮਤਿਹਾਨਾਂ ਦੇ ਨਤੀਜੇ ਨਹੀਂ ਮਿਲਣਗੇ ਅਤੇ ਨਾ ਹੀ ਮਈ 2024 ਦੇ ਇਮਤਿਹਾਨਾਂ ਲਈ ਦਾਖ਼ਲਾ ਫਾਰਮ ਭਰਿਆ ਜਾ ਸਕੇਗਾ।

Scanned with CamScan